ਡਾਇਰੈਕਟਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ,
(ਤਕਨੀਕੀ ਸਿੱਖਿਆ ਵਿੰਗ), ਚੰਡੀਗੜ੍ਹ ।

ਸੇਵਾ ਵਿੱਚ,

1. ਡਾਇਰੈਕਟਰ,
ਸਟੇਟ ਟਰਾਂਸਪੋਰਟ ਵਿਭਾਗ,ਪੰਜਾਬ,
ਸੈਕਟਰ-17,ਚੰਡੀਗੜ੍ਹ ।

2. ਮੈਨੇਜਿੰਗ ਡਾਇਰੈਕਟਰ,
ਪੈਪਸੂ ਰੋਡਵੇਜ਼ ਕਾਰਪੋਰੇਸ਼ਨ,
ਪਟਿਆਲਾ ।

ਮੀਮੋ ਨੰ: 2135-40 /ਲੇਖਾ
ਮਿਤੀ 29/9/2021

ਵਿਸ਼ਾ:- ਵਿਦਿਆਰਥੀਆਂ ਨੂੰ ਰਿਆਇਤੀ ਬੱਸ ਪਾਸ ਸਹੂਲਤ ਮੁਹੱਈਆਂ ਕਰਵਾਉਣ ਸਬੰਧੀ।

ਇਸ ਪੱਤਰ ਰਾਹੀਂ ਆਪ ਨੂੰ ਸਾਲ 2021-22 ਲਈ ਪੰਜਾਬ ਸਰਕਾਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ (ਤਕਨੀਕੀ ਸਿੱਖਿਆ ਬਰਾਂਚ-2) ਦੀ (1). ਨੋਟੀ.ਨੰ:ਟੀਈ2013/5/2021-4ਟੀਈ2/1/228922/2021ਮਿਤੀ13/08/2021(ਡਿਪਲੋਮਾਂਲੀਟ2021-22) (2). ਨੋਟੀ.ਨੰ: ਟੀਈ2013/5/2021-4ਟੀਈ2/1/228921 /2021ਮਿਤੀ13/08/2021(ਪਾਰਟ ਟਾਈਮ ਡਿਪਲੋਮਾਂ) (3). ਨੋਟੀ.ਨੰ:ਟੀਈ 2013/5/2021-4ਟੀਈ2/1/228920/2021ਮਿਤੀ13/08/2021(ਡਿਪਲੋਮਾਂਐਮਓਪੀ 2021-22) (4). ਨੋਟੀ.ਨੰ:ਟੀਈ 2013 /5/2021-4ਟੀਈ2/1/228925 /2021ਮਿਤੀ13/08/2021 (ਪਾਰਟ ਟਾਈਮ ਡਿਪਲੋਮਾਂ ਲੀਟ 2021-22) (5). ਨੋਟੀ.ਨੰ:ਟੀਈ 2013/5/2021-4ਟੀਈ2/1/214612/2021ਮਿਤੀ13/08/2021(ਡਿਪਲੋਮਾਂਲੈਵਲ ਇੰਜੀ:ਕੋਰਸ 2021-22) (6).ਨੋਟੀ.ਨੰ:ਟੀਈ2013/5/ 2021-4ਟੀਈ2/1/228921/2021ਮਿਤੀ13/08/2021(ਫੋਰ ਈਅਰ ਪਾਰਟ ਟਾਈਮ ਡਿਪਲੋਮਾਂ ਕੋਰਸ 2021-22 ਰਾਹੀਂ ਐਡਮਿਸ਼ਨ ਟੂ ਡਿਪਲੋਮਾਂ ਲੈਵਲ ਇੰਜੀਨੀਅਰਿੰਗ ਕੋਰਸ ਦੇ ਕੋਰਸਾਂ ਦੀਆਂ ਕਾਪੀਆਂ ਦੀਆਂ (ਸੰਸਥਾਵਾਂ ਦੇ ਨਾਂਵਾਂ ਦੀਆਂ ਲਿਸਟਾਂ ਕੋਰਸਾਂ ਦੀ ਡਿਟੇਲ ਸਮੇਂਤ) ਸੂਚੀ ਦੀਆਂ ਕਾਪੀਆਂ ਭੇਜ਼ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੰਸਥਾਵਾਂ ਦੇ ਵਿੱਚ ਰੈਗੂਲਰ ਪੜ੍ਹਦੇ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਵੱਲੋਂ ਲਏ ਗਏ ਫੈਸਲੇ/ਨਿਯਮਾਂ ਅਤੇ ਸਮੇਂ-ਸਮੇਂ ਸਿਰ ਜ਼ਾਰੀ ਕੀਤੀਆਂ ਹਦਾਇਤਾਂ ਅਨੁਸਾਰ ਸਾਲ 2021-22 ਲਈ ਬੱਸ ਪਾਸ ਜ਼ਾਰੀ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ। ਅਜਿਹੇ ਪਾਸ ਜ਼ਾਰੀ ਕਰਨ ਨਾਲ ਪੰਜਾਬ ਰੋਡਵੇਜ਼/ਪੀ.ਆਰ.ਟੀ.ਸੀ. ਨੂੰ ਪਏ ਘਾਟੇ ਦੀ ਪ੍ਰਤੀ ਪੂਰਤੀ ਤਕਨੀਕੀ ਸਿੱਖਿਆ ਵਿਭਾਗ ਕਰੇਗਾ ।

ਨੱਥੀ :- ਉਪਰੋਕਤ ਅਨੁਸਾਰ।

ਸਹਾਇਕ ਕੰਟਰੋਲਰ(ਵਿੱਤ ਤੇ ਲੇਖਾ)
ਵਾ:ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ

ਪਿੱਠ ਅੰਕਣ ਨੰ:ਡੀ.ਟੀ.ਈ./ਸ-3/ 2141 /ਲੇਖਾ ਮਿਤੀ 29/9/2021

1. ਉਪਰੋਕਤ ਉਤਾਰਾ ਲਿਸਟਾਂ ਵਿੱਚ ਦਰਜ਼ ਸਬੰਧਿਤ ਸੰਸਥਾ ਦੇ ਪ੍ਰਿੰਸੀਪਲ/ਮੁੱਖੀ ਵਿਭਾਗ .............................................. ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਤਸਦੀਕ ਕੀਤਾ ਜਾਂਦਾ ਹੈ ਕਿ ਇਸ ਸੰਸਥਾਂ/ ਤਕਨੀਕੀ ਕਾਲਜ਼ ਨੂੰ ਤਕਨੀਕੀ ਸਿੱਖਿਆ ਵਿਭਾਗ ਵੱਲੋਂ ਉਕਤ..........ਕੋਰਸ ਲਈ ਪੱਤਰ ਨੰ:.....................ਮਿਤੀ .................... ਦੀ ਲੜੀ ਨੰ:.............. ਰਾਹੀਂ ਬੱਸ ਪਾਸ ਬਣਾਉਣ ਅਤੇ ਘਾਟੇ ਦੀ ਪ੍ਰਤੀ ਪੂਰਤੀ ਤਕਨੀਕੀ ਸਿੱਖਿਆ ਵਿਭਾਗ ਵੱਲੋਂ ਕਰਨ ਦੀ ਸਹਿਮਤੀ ਪ੍ਰਾਪਤ ਹੋਈ ਹੈ ।

2. ਇਸ ਤੋਂ ਇਲਾਵਾ ਇਹ ਯਕੀਨੀ ਬਣਾਇਆ ਜਾਵੇ ਕਿ ਸਬੰਧਤ ਵਿਦਿਆਰਥੀਆਂ ਦੀ ਅਰਜ਼ੀ ਵੀ ਸਮੇਂ-ਸਿਰ ਸਿਫਾਰਸ਼ ਕੀਤੀ ਜਾਵੇ । ਜੇਕਰ ਵਿਦਿਆਰਥੀ ਅਰਜ਼ੀ ਸਿਫਾਰਸ਼ ਲਈ ਲੇਟ ਲੈ ਕੇ ਆਉਂਦਾ ਹੈ ਤਾਂ ਉਸ ਦਾ ਕਾਰਨ ਦੱਸਦੇ ਹੋਏ ਤਸਦੀਕ ਕੀਤਾ ਜਾਵੇ ਅਤੇ ਉਸ ਦੀ ਅਰਜ਼ੀ ਤੇ ਸਿਫਾਰਸ਼ ਪਾਸ ਖਤਮ ਹੋਣ ਦੀ ਮਿਤੀ ਤੋਂ ਹੀ ਕੀਤੀ ਜਾਵੇ।

3. ਕਾਲਜ਼ ਮੁਖੀ ਸਿਫਾਰਸ਼ ਕਰਦੇ ਸਮੇਂ ਇਹ ਯਕੀਨੀ ਬਣਾਉਣ ਅਤੇ ਦਰਜ਼ ਕਰਨ ਕਿ ਕਾਲਜ਼ ਮਿਤੀ....................... ਤੋਂ ........................ਤੱਕ ਬੰਦ ਰਹਿਣਗੇ ਅਤੇ ਛੁੱਟੀਆਂ ਵਿੱਚ ਇਹ ਵਿਦਿਆਰਥੀ ਕਾਲਜ਼ ਵਿੱਚ ਪੜ੍ਹਾਈ/ਇਮਤਿਹਾਨ/ਲਾਇਬਰੇਰੀ/ਖੇਡਾਂ ਜਾਂ ਹੋਰ ਮੰਤਵਾਂ ਲਈ ਆ ਜਾ ਸਕਣਗੇ।

4. ਵਿਦਿਆਰਥੀ ਨੂੰ ਇੱਕ ਵਾਰ ਬੱਸ ਪਾਸ ਜ਼ਾਰੀ ਕਰ ਦਿੱਤਾ ਜਾਂਦਾ ਹੈ ਤਾਂ ਉਸ ਦਾ ਨਵੀਨੀਕਰਨ ਕਰਵਾਉਣਾ ਜਾਂ ਲੋੜ ਨਾ ਹੋਣ ਤੇ ਪੀ.ਆਰ.ਟੀ.ਸੀ. ਦਫਤਰ ਜਮ੍ਹਾਂ ਕਰਵਾਉਣਾ ਵਿਦਿਆਰਥੀ ਅਤੇ ਕਾਲਜ ਦੇ ਮੁਖੀ ਦੀ ਜਿੰਮੇਵਾਰੀ ਹੋਵੇਗੀ । ਸਹਿਮਤੀ ਪੱਤਰ ਸਮੇਂ-ਸਿਰ ਭੇਜਣੇ ਯਕੀਨੀ ਬਣਾਏ ਜਾਣ ।

ਸਹਾਇਕ ਕੰਟਰੋਲਰ(ਵਿੱਤ ਤੇ ਲੇਖਾ)
ਵਾ:ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ